# ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਮਾਨਸਾ।

ਵੱਲ:-

ਸਮੂਹ ਪ੍ਰਾਈਵੇਟ
ਸਕੂਲ ਮੁਖੀ
ਜਿਲ੍ਹਾ ਮਾਨਸਾ।

ਪੱਤਰ ਨੰ: ਜੀ-1/1( )/2018-19/ ੯੦੭
ਮਿਤੀ ਮਾਨਸਾ: [illegible]/੧/੧੯

ਵਿਸ਼ਾ: ਝੰਡਿਆਂ (ਫਲੈਗ) ਦੀ ਰਕੰਮ ਜਮ੍ਹਾਂ ਕਰਵਾਉਣ ਸੰਬੰਧੀ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੋ ਆਪ ਜੀ ਦੇ ਸਕੂਲਾਂ ਨੂੰ ਝੰਡੇ (ਫਲੈਗ) ਭੇਜੇ ਗਏ ਹਨ, ਉਹਨਾਂ ਦਾ ਡਰਾਫਟ **District Defence Services welfare officer, Mansa** ਦੇ ਨਾਮ ਤੇ ਬਣਾ ਕੇ ਅੱਜ ਹੀ ਇਸ ਦਫ਼ਤਰ ਨੂੰ ਭੇਜਿਆ ਜਾਵੇ।

ਉਪਰੋਕਤ

ਉਪ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ)
ਮਾਨਸਾ।

ਪਿੱਠ ਅੰਕਣ ਨੰ: ਉਕਤ ਮਿਤੀ ਮਾਨਸਾ:

ਉਪਰੋਕਤ ਦਾ ਉਤਾਰਾ District Defence Services welfare officer, Mansa ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ)
ਮਾਨਸਾ।

Scanned with CamScanner

(ਯਾਦ ਪੱਤਰ-1)

ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ
ਮਾਨਸਾ

(ਅਫਸਰ ਸਾਹਿਬਾਨ ਅਤੇ ਨਿੱਜੀ ਸਟਾਫ ਦੇ ਨਿੱਜੀ ਧਿਆਨ ਹਿੱਤ)

ਵੱਲ :

ਮੀਮੋ ਨੰ: ਜਰਸਭਅ/ਫਲੈਗ ਡੇ ਫੰਡ/2018-19/67
ਮਿਤੀ, ਮਾਨਸਾ 29 ਜਨਵਰੀ 2019

ਵਿਸ਼ਾ : **ਫਲੈਗ ਡੇ (ਝੰਡਾ ਦਿਵਸ) ਫੰਡ 2018-19 ਦੇ ਸਬੰਧ ਵਿੱਚ ਝੰਡਿਆਂ ਦੀ ਰਾਸ਼ੀ ਦੀ ਅਦਾਇਗੀ ਕਰਨ ਸਬੰਧੀ।**

ਹਵਾਲਾ ਦਫ਼ਤਰ ਡਿਪਟੀ ਕਮਿਸ਼ਨਰ, ਮਾਨਸਾ ਦੇ ਅਰਧ ਸਰਕਾਰ ਪੱਤਰ ਨੰ: DDSWO/FDF/542, ਮਿਤੀ 20 ਨਵੰਬਰ 2018 ਅਤੇ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਇਹ ਯਾਦ ਕਰਵਾਇਆ ਜਾਂਦਾ ਹੈ ਕਿ "ਫਲੈਗ ਡੇ (ਝੰਡਾ ਦਿਵਸ) ਫੰਡ 2018-19" ਦੇ ਸਬੰਧ ਵਿੱਚ ਆਪ ਜੀ ਨੂੰ ਕਾਰ ਫਲੈਗਜ਼ ਅਤੇ ਟੋਕਨ ਫਲੈਗਜ਼ ਭੇਜੇ ਗਏ ਸਨ। ਆਪ ਵੱਲੋਂ ਇਕੱਤਰ ਕੀਤੀ ਗਈ ਰਾਸ਼ੀ ਦਫ਼ਤਰ ਨੂੰ ਮਿਤੀ 31 ਦਸੰਬਰ 2018 ਤੱਕ ਭੇਜਣੀ ਬਣਦੀ ਸੀ ਪ੍ਰੰਤੂ ਹੁਣ ਤੱਕ ਇਹ ਰਾਸ਼ੀ ਇਸ ਦਫ਼ਤਰ ਵਿਖੇ ਪ੍ਰਾਪਤ ਨਹੀਂ ਹੋਈ ਹੈ। ਆਪ ਨੂੰ ਯਾਦ ਪੱਤਰ ਦਿੰਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਦਾਨ ਵਜੋਂ ਇਕੱਤਰ ਹੋਈ ਰਾਸ਼ੀ ਮਿਤੀ 10 ਫਰਵਰੀ 2019 ਤੱਕ ਇਸ ਦਫ਼ਤਰ ਵਿਖੇ "District Defence Services Welfare Officer, Mansa" ਦੇ ਨਾਮ ਤੇ ਚੈੱਕ ਜਾਂ ਡਿਮਾਂਡ ਡਰਾਫਟ ਰਾਹੀਂ ਪਹੁੰਚਦੀ ਕੀਤੀ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਆਪ ਦੇ ਦਫ਼ਤਰ ਦਾ ਨਾਮ ਨਿਕਟ ਭਵਿੱਖ ਵਿੱਚ ਮਾਣਯੋਗ ਡਿਪਟੀ ਕਮਿਸ਼ਨਰ, ਮਾਨਸਾ-ਕਮ-ਪ੍ਰਧਾਨ, ਜ਼ਿਲ੍ਹਾ ਸੈਨਿਕ ਬੋਰਡ ਜੀ ਦੀ ਪ੍ਰਧਾਨਗੀ ਹੇਠ ਹੋਣ ਵਾਲੀ ਮੀਟਿੰਗ ਵਿੱਚ ਇਸ ਵਿਸ਼ੇ ਸਬੰਧੀ ਇਕੱਤਰ ਕੀਤੀ ਰਾਸ਼ੀ ਨਾ ਭੇਜਣ ਬਾਬਤ ਰੱਖਿਆ ਜਾਵੇਗਾ। ਜਿਸ ਦੀ ਨਿਰੋਲ ਜ਼ਿੰਮੇਵਾਰੀ ਆਪ ਜੀ ਦੀ ਹੋਵੇਗੀ।

ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ
ਮਾਨਸਾ

ਪਿੱਠ ਅੰਕਣ ਨੰ: ਜਰਸਭਅ/ਫਲੈਗ ਡੇ ਫੰਡ/2018-19/ ਮਿਤੀ, ਜਨਵਰੀ 2019

ਜਿਹੜੇ ਸਰਕਾਰੀ ਅਦਾਰਿਆਂ/ਪ੍ਰਾਈਵੇਟ ਸੰਸਥਾਵਾਂ ਵੱਲੋਂ ਵਿਸ਼ੇ ਸਬੰਧੀ ਇਕੱਤਰ ਕੀਤੀ ਗਈ ਰਾਸ਼ੀ ਇਸ ਦਫ਼ਤਰ ਵਿਖੇ ਨਹੀਂ ਭੇਜੀ ਗਈ ਉਨ੍ਹਾਂ ਨੂੰ ਯਾਦ ਪੱਤਰ ਦਿੱਤਾ ਗਿਆ ਹੈ, ਜਿਸ ਦੀ ਸੂਚਨਾ ਮਾਣਯੋਗ ਡਿਪਟੀ ਕਮਿਸ਼ਨਰ, ਮਾਨਸਾ ਅਤੇ ਪ੍ਰਧਾਨ, ਜ਼ਿਲ੍ਹਾ ਸੈਨਿਕ ਬੋਰਡ, ਮਾਨਸਾ ਨੂੰ ਜਾਣਕਾਰੀ ਹਿੱਤ ਭੇਜੀ ਜਾਂਦੀ ਹੈ।

ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ
ਮਾਨਸਾ

Scanned with CamScanner